# ਭਗਤ ਧੰਨਾ - ਸਬਦ ੧

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥

ਰਾਗੁ ਆਸਾ, ਭਗਤ ਧੰਨਾ, ਗੁਰੂ ਗ੍ਰੰਥ ਸਾਹਿਬ, ੪੮੭

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥

ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥

ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥

ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥੧॥

ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥

ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥

ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥

ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥

ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥

ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥੪॥੧॥

ਸਾਰ: ਆਤਮ-ਪੜਚੋਲ ਦਾ ਇਕ ਪਲ ਇਹ ਪ੍ਰਗਟ ਕਰਦਾ ਹੈ ਕਿ ਸਾਡੀ ਆਪਾ ਅਕਸਰ ਉਸ ਵੇਲੇ ਥੱਕ ਜਾਂਦਾ ਹੈ ਜਦੋਂ ਅਸੀਂ ਆਪਣੀ ਪਹਿਚਾਣ ਨੂੰ ਗਲਤੀ ਨਾਲ ਆਪਣੇ ਸਰੀਰ, ਮਨ ਅਤੇ ਧਨ-ਸੰਪਦਾ ਨਾਲ ਜੋੜ ਲੈਂਦੇ ਹਾਂ। ਭਾਵੇਂ ਇਹ ਸਭ ਸਾਨੂੰ ਸਥਿਰਤਾ ਅਤੇ ਨਿਯੰਤਰਣ ਦਾ ਅਹਿਸਾਸ ਦਿੰਦੇ ਹੋਣ, ਪਰ ਅਸਲ ਵਿਚ ਇਹ ਅਸਥਿਰ ਹਨ; ਸਰੀਰ ਬੁੱਢਾ ਹੋ ਜਾਂਦਾ ਹੈ, ਮਨ ਕਮਜ਼ੋਰ ਪੈ ਸਕਦਾ ਹੈ ਅਤੇ ਧਨ-ਦੌਲਤ ਇਕ ਰਾਤ ਵਿਚ ਵੀ ਖਤਮ ਹੋ ਸਕਦੀ ਹੈ। ਸਾਡੇ ਕੋਲ ਇਕ ਵੱਡਾ ਘਰ ਹੋ ਸਕਦਾ ਹੈ, ਅਸੀਂ ਇਕ ਸਫਲ ਕਾਰੋਬਾਰ ਖੜ੍ਹਾ ਕਰ ਸਕਦੇ ਹਾਂ, ਚੰਗਾ ਰੁਤਬਾ ਹਾਸਲ ਕਰ ਸਕਦੇ ਹਾਂ ਅਤੇ ਇਹ ਸਮਝ ਸਕਦੇ ਹਾਂ ਕਿ ਅਸੀਂ ਸਫਲਤਾ ਦੇ ਸਿਖਰ ਤੱਕ ਪਹੁੰਚ ਗਏ ਹਾਂ। ਪਰ ਕੋਈ ਅਚਾਨਕ ਬਿਮਾਰੀ, ਵਿਵਾਦਪੂਰਨ ਝਗੜਾ ਜਾਂ ਆਰਥਿਕ ਸੰਕਟ ਇਸ ਸੁਰੱਖਿਆ ਦੇ ਭਰਮ ਨੂੰ ਪਲਾਂ ਵਿਚ ਤੋੜ ਸਕਦਾ ਹੈ। ਇਹ ਵਿਚਾਰ ਸਾਨੂੰ ਇਕ ਮਹੱਤਵਪੂਰਨ ਸੱਚਾਈ ਨਾਲ ਜਾਣੂ ਕਰਵਾਉਂਦਾ ਹੈ ਕਿ ਅਸਲ ਸਥਿਰਤਾ ਕਦੇ ਵੀ ਭਰੋਸਾ ਰਹਿਤ ਆਧਾਰਾਂ ਤੋਂ ਪ੍ਰਾਪਤ ਨਹੀਂ ਹੋ ਸਕਦੀ। ਇਸ ਦੀ ਬਜਾਏ, ਇਹ ਉਸ ਸਮਰੱਥਾ ਵਿਚੋਂ ਉਤਪੰਨ ਹੁੰਦੀ

ਹੈ ਜਿਸ ਰਾਹੀਂ ਅਸੀਂ ਆਪਣੀ ਸਵੈ-ਪਹਿਚਾਣ ਅਤੇ ਸਵੈ-ਮੁੱਲ ਨੂੰ ਬਾਹਰੀ ਵਸਤੂਆਂ ਉੱਤੇ ਨਿਰਭਰ ਕਰਨ ਤੋਂ ਮੁਕਤ ਕਰਦੇ ਹਾਂ, ਜਿਸ ਨਾਲ ਅਸੀਂ ਆਪਣੇ ਅੰਦਰ ਹੀ ਸੱਚੀ ਸ਼ਾਂਤੀ, ਸੰਤੁਸ਼ਟੀ ਅਤੇ ਪੂਰਣਤਾ ਦਾ ਅਨੁਭਵ ਕਰ ਸਕਦੇ ਹਾਂ।

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥
ਆਪਣੀ ਹੋਂਦ ਦੇ ਅਨੇਕਾਂ ਚੱਕਰਾਂ ਵਿਚ ਭਟਕਦਿਆਂ ਮੈਂ ਇਹ ਅਨੁਭਵ ਕੀਤਾ ਹੈ ਕਿ ਮੇਰਾ ਸਰੀਰ, ਮਨ ਅਤੇ ਧਨ ਮੈਨੂੰ ਸਥਿਰਤਾ ਨਹੀਂ ਦੇ ਸਕੇ। ਇਹ ਭਾਵ ਅਗਿਆਨਤਾ ਤੋਂ ਉਪਜੇ ਹੋਏ ਨੁਕਸਾਨ ਨੂੰ ਦਰਸਾਉਂਦਾ ਹੈ, ਕਿਉਂਕਿ ਮਨ ਦੇ ਵਿਚਾਰ, ਸਰੀਰ ਦੇ ਸੁਖ ਆਰਾਮ ਅਤੇ-ਧਨ ਦੌਲਤ ਦੀ ਮਲਕੀਅਤ ਅਸਲ ਸੰਤੁਸ਼ਟੀ-ਅਤੇ ਪੂਰਨਤਾ ਪ੍ਰਦਾਨ ਨਹੀਂ ਕਰਦੇ।

ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥
ਲੋਭ ਦੀ ਮਲੀਨਤਾ, ਬੇਅੰਤ ਇੱਛਾਵਾਂ ਦਾ ਮੋਹ ਅਤੇ ਅਮੋਲਕ ਮਨ ਇਹ ਸਭ ਸਰਬ ਵਿਆਪਕ ਚੇਤਨਾ- ਨਾਲੋਂ ਟੁੱਟ ਚੁੱਕੇ ਹਨ। ਇਹਭਾਵ ਯਾਦ ਦਿਵਾਉਂਦਾ ਹੈ ਕਿ ਮਾਇਆ ਦੇ ਭਰਮਾਂ ਦਾ ਆਕਰਸ਼ਣ ਸਾਡੀ ਅੰਤਰਆਤਮਾ ਨੂੰ ਸਾਡੇ- ਅਸਲ ਸਰੂਪ ਤੋਂ ਦੂਰ ਕਰ ਦਿੰਦਾ ਹੈ। (੧)(ਠਹਿਰਾਉ)

ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥
ਜ਼ਹਿਰੀਲਾ ਫਲ ਸੁਆਦ ਵਿਚ ਮਿੱਠਾ ਲੱਗਦਾ ਹੈ; ਅਗਿਆਨਤਾ ਅਤੇ ਭਰਮ ਵਿਚ ਫਸਿਆ ਮਨ ਇਹ ਨਹੀਂ ਸਮਝ ਸਕਦਾ ਕਿ ਉਸ ਲਈ ਕੀ ਲਾਹੇਵੰਦ ਹੈ ਅਤੇ ਕੀ ਹਾਨੀਕਾਰਕ। ਇਹ ਭਾਵ ਦਰਸਾਉਂਦਾ ਹੈ ਕਿ ਅਸੀਂ ਅਕਸਰ ਆਪਣੀ ਅਸਲ ਭਲਾਈ ਤੋਂ ਭਟਕ ਜਾਂਦੇ ਹਾਂ ਅਤੇ ਥੋੜ੍ਹਚਿਰੇ ਸੁੱਖਾਂ ਨੂੰ ਸਥਾਈ ਖੁਸ਼ੀ ਸਮਝਣ ਦੀ ਭੁੱਲ ਕਰ ਬੈਠਦੇ ਹਾਂ।

ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥੧॥
ਗੁਣਾਂ ਤੋਂ ਮੁੱਖ ਮੋੜ ਲੈਣ ਨਾਲ ਸੰਸਾਰਿਕ ਮੋਹ ਮਾਇਆ ਨਾਲ ਪ੍ਰੇਮ ਵੱਧਦਾ ਜਾਂਦਾ ਹੈ ਅਤੇ-ਉੱਨਤੀ ਤੇ ਪਤਨ ਦਾ ਜਾਲ ਲਗਾਤਾਰ ਬੁਣਦਾ ਚਲਿਆ ਜਾਂਦਾ ਹੈ। ਇਹ ਮੋਹ ਮੁੜ ਵਾਪਰਨ ਵਾਲੇ-ਭਰਮ ਉਸ ਮੁੜ-ਅੰਤਰੀਵੀ ਚੱਕਰ ਦਾ ਪ੍ਰਤੀਕ ਹੈ, ਜੋ ਮਨ ਨੂੰ ਇੱਛਾਵਾਂ ਅਤੇ ਉਸ ਦੇ ਬੰਧਨ ਵਿਚ ਫਸਾਈ ਰੱਖਦਾ ਹੈ। (੧)

ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥

ਸਰਬ ਵਿਆਪਕ ਚੇਤਨਾ-ਸਾਡੇ ਅੰਦਰ ਵੱਸਦੀ ਹੈ, ਇਸ ਸੱਚ ਦੀ ਸੂਝ ਪ੍ਰਾਪਤ ਨਾ ਹੋਣ ਕਾਰਨ ਮਨੁੱਖ ਦਵੈਤ ਦੇ ਜਾਲ ਵਿਚ ਫਸ ਕੇ ਦੁੱਖ ਸਹਿੰਦਾ ਹੈ। ਏਕਤਾ ਦੀ ਇਸ ਘਾਟ ਤੋਂ ਡਰ, ਅਸੁਰੱਖਿਆ ਅਤੇ ਵੰਡ ਦੀਆਂ ਭਾਵਨਾਵਾਂ ਜਨਮ ਲੈਂਦੀਆਂ ਹਨ, ਜੋ ਸਾਡੇ ਸਭ ਦੇ ਅੰਦਰ ਮੌਜੂਦ ਦੈਵੀ ਸਰੂਪ ਨੂੰ ਧੁੰਦਲਾ ਕਰ ਦਿੰਦੀਆਂ ਹਨ।

ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥

ਜ਼ਹਿਰੀਲੇ ਫਲ ਇਕੱਠੇ ਕਰਦਿਆਂ ਸਦੀਵੀ ਅਤੇ ਸਰਬਵਿਆਪਕ ਚੇਤਨਾ ਦੀ ਸਰਬਉੱਚਤਾ- ਨੂੰ ਭੁੱਲ ਜਾਣਾ। ਇਹ ਭਾਵ ਦਰਸਾਉਂਦਾ ਹੈ ਕਿਵੇਂ ਕੁੜੱਤਣ ਭਰੇ ਗੁਣਾਂ ਨੂੰ ਵਾਰ ਵਾਰ ਅਪਣਾਉਣ-ਨਾਲ ਅੰਤ ਨਕਾਰਾਤਮਕਤਾ ਮਨੁੱਖ ਦੇ ਸੁਭਾਵ ਦਾ ਹਿੱਸਾ ਬਣ ਜਾਂਦੀ ਹੈ। (੨)

ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥

ਜਦੋਂ ਬਿਬੇਕ ਨੂੰ ਜੀਵਨ ਵਿਚ ਧਾਰਣ ਕੀਤਾ ਜਾਂਦਾ ਹੈ, ਤਾਂ ਉਹ ਆਤਮਿਕ ਬੋਧ ਦਾ ਅਮੋਲਕ ਖ਼ਜ਼ਾਨਾ ਬਖ਼ਸ਼ਦਾ ਹੈ; ਇਸ ਉਪਰ ਚਿੰਤਨ ਕਰਨ ਨਾਲ ਮਨ ਏਕਾਗ੍ਰਤਾ ਅਤੇ ਏਕਮਤਾ ਨੂੰ ਅਪਣਾ ਲੈਂਦਾ ਹੈ। ਇਹ ਭਾਵ ਉਸ ਮਨੋਦਸ਼ਾ ਨੂੰ ਦਰਸਾਉਂਦਾ ਹੈ ਜੋ ਏਕਮਤਾ ਦੀ ਸਥਿਰਤਾ ਅਤੇ ਅਡੋਲਤਾ ਵਿਚ ਟਿਕੀ ਹੋਈ ਹੈ।

ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥

ਸ਼ਰਧਾਲੂ ਪ੍ਰੇਮ ਦੇ ਆਨੰਦ ਨੂੰ ਸਮਝ ਕੇ ਉਸ ਨੂੰ ਧਾਰਨ ਕਰਦੇ ਹਨ, ਜੋ ਉਨ੍ਹਾਂ ਨੂੰ ਸੰਤੋਖ ਅਤੇ ਮੁਕਤੀ ਦੀ ਦਾਤ ਬਖ਼ਸ਼ਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਗਿਆਨ ਦੀ ਪ੍ਰਾਪਤੀ ਉਸ ਵੇਲੇ ਸ਼ੁਰੂ ਹੁੰਦੀ ਹੈ ਜਦੋਂ ਮਨ ਹਰ ਇੱਛਾ ਪੂਰਤੀ ਦੀ ਤਾਂਘ ਛੱਡ ਦਿੰਦਾ ਹੈ ਅਤੇ ਇਸ ਦੀ ਬਜਾਏ ਅੰਤਰੀਵੀ ਇਕਸੁਰਤਾ ਤੋਂ ਉਪਜੇ ਸੰਤੋਖ ਵਿਚ ਟਿਕ ਜਾਂਦਾ ਹੈ। (੩)

ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥

ਜੋ ਮਨੁੱਖ ਸਮਾਨਤਾ ਨੂੰ ਪੂਰਨ ਹਿਰਦੇ ਨਾਲ ਅਪਣਾਉਂਦੇ ਹਨ, ਉਹ ਕਦੇ ਵੀ ਡੋਲਦੇ ਨਹੀਂ ਅਤੇ ਦੈਵੀ ਊਰਜਾ ਦੀ ਹਾਜ਼ਰੀ ਦਾ ਨਿਰੰਤਰ ਅਨੁਭਵ ਕਰਦੇ ਹਨ। ਇਹ ਭਾਵ ਵੱਖਰੇਪਣ ਦਾ ਭਰਮ ਮਿਟ ਜਾਣ ਅਤੇ ਆਪਣੇ ਅੰਦਰ ਤੇ ਬਾਹਰ ਏਕਤਾ ਰੂਪੀ ਇਕ ਜੋਤ ਦਾ ਆਨੰਦ ਮਾਨਣ ਦਾ ਪ੍ਰਤੀਕ ਹੈ।

ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥੪॥੧॥
ਧੰਨਾ ਕਹਿੰਦੇ ਹਨ ਕਿ ਉਹਨਾਂ ਨੇ ਇਸ ਤੱਥ ਨੂੰ ਪਛਾਣਦਿਆਂ ਦੈਵੀ ਦੌਲਤ ਪ੍ਰਾਪਤ ਕਰ ਲਈ ਹੈ, ਕਿ ਸਰਬਵਿਆਪਕ ਸਤਾ ਹੀ ਸਾਰੀ ਸ੍ਰਿਸ਼ਟੀ ਦੀ ਪਾਲਣਹਾਰ ਹੈ ਅਤੇ ਉਹ ਨਿਮਾਣੇ ਤੇ ਮਾਣੇ ਸਭ ਨਾਲ ਇਕਸਾਰ ਵਰਤਾਉ ਕਰਦੀ ਹੈ। ਇਹ ਭਾਵ ਉਸ ਅਨੁਭਵ ਦਾ ਪ੍ਰਤੀਕ ਹੈ ਕਿ ਸਮੁੱਚੀ ਸ੍ਰਿਸ਼ਟੀ ਇਕ ਅਖੰਡ ਏਕਮ ਸਤਾ ਤੋਂ ਹੀ ਪ੍ਰਗਟ ਹੁੰਦੀ ਹੈ। (੪)(੧)

ਤੱਤ: ਭਗਤ ਧੰਨਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਇਹ ਦਰਸਾਉਂਦੇ ਹਨ ਕਿ ਅਸੀਂ ਉਸ ਵੇਲੇ ਦੁੱਖ ਸਹਿੰਦੇ ਹਾਂ ਜਦੋਂ ਸਾਨੂੰ ਇਹ ਸਮਝ ਨਹੀਂ ਰਹਿੰਦੀ ਕੀ ਸਾਡੇ ਲਈ ਕੀ ਲਾਭਦਾਇਕ ਅਤੇ ਕੀ ਮਾੜਾ ਹੈ। ਭਾਵੇਂ ਇੱਛਾਵਾਂ ਅਤੇ ਮੋਹ ਸ਼ੁਰੂ ਵਿਚ ਆਕਰਸ਼ਕ ਲੱਗਦੇ ਹੋਣ, ਪਰ ਹੌਲੀ-ਹੌਲੀ ਇਹ ਸਾਡੀ ਅੰਤਰੀਵੀ ਸ਼ਾਂਤੀ ਦੀ ਚਮਕ ਨੂੰ ਮੱਧਮ ਕਰ ਦਿੰਦੀਆਂ ਹਨ। ਉਹ ਸਰੀਰ ਜਾਂ ਧਨ ਦੀ ਮਹੱਤਤਾ ਨੂੰ ਨਕਾਰਦੇ ਨਹੀਂ; ਸਗੋਂ ਉਹ ਇਸ ਭਰਮ ਨੂੰ ਚੁਣੌਤੀ ਦਿੰਦੇ ਹਨ ਕਿ ਇਹ ਸਾਨੂੰ ਸਥਾਈ ਤ੍ਰਿਪਤੀ ਦੇ ਸਕਦੇ ਹਨ। ਜਦੋਂ ਬਿਬੇਕ ਸਾਡੇ ਜੀਵਨ ਵਿਚ ਪ੍ਰਵੇਸ਼ ਕਰਦਾ ਹੈ, ਤਾਂ ਅਸੀਂ ਚਿੰਤਨ, ਪਿਆਰ ਅਤੇ ਅੰਤਰੀਵੀ ਸਥਿਰਤਾ ਵਿਚ ਪਾਏ ਜਾਣ ਵਾਲੀ ਭਰਪੂਰ ਸ਼ਾਂਤੀ ਨੂੰ ਅਪਣਾਉਣ ਲਈ ਸਪਸ਼ਟਤਾ ਪ੍ਰਾਪਤ ਕਰਦੇ ਹਾਂ। ਜਿਵੇਂ-ਜਿਵੇਂ ਇਹ ਸੂਝ ਡੂੰਘੀ ਹੁੰਦੀ ਜਾਂਦੀ ਹੈ, ਜ਼ਹਿਰੀਲੇਪਣ ਦਾ ਨਿਰੰਤਰ ਚੱਕਰ ਆਪਣੀ ਪਕੜ ਨੂੰ ਕਮਜ਼ੋਰ ਕਰਦਾ ਹੈ, ਜਿਸ ਨਾਲ ਆਪਾ ਅੰਦਰ ਵੱਸਦੀ ਆਜ਼ਾਦੀ ਅਤੇ ਅਨੰਦ ਦਾ ਪੂਰਨ ਰੂਪ ਵਿਚ ਅਨੁਭਵ ਕਰ ਸਕਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**